ਮਿੱਠੇ ਬੱਚੇ:- ਇਹ ਕਲਿਆਣਕਾਰੀ ਪੁਰਸ਼ੋਤਮ ਸੰਗਮਯੁੱਗ ਹੈ , ਇਸ ਵਿੱਚ ਪੁਰਾਣੀ ਦੁਨੀਆਂ ਬਦਲ ਨਵੀਂ ਹੁੰਦੀ ਹੈ , ਇਸ ਯੁੱਗ ਨੂੰ ਤੁਸੀਂ ਭੁੱਲੋ ਨਹੀਂ"

ਪ੍ਰਸ਼ਨ:- ਬਾਪ ਛੋਟੇ-ਵੱਡੇ ਸਾਰੇ ਬੱਚਿਆਂ ਨੂੰ ਆਪ ਸਮਾਨ ਬਣਾਉਣ ਦੇ ਲਈ ਇੱਕ ਪਿਆਰ ਦੀ ਸਿੱਖਿਆ ਦਿੰਦੇ ਹਨ, ਉਹ ਕਿਹੜੀ ਹੈ?

ਉੱਤਰ:- ਮਿੱਠੇ ਬੱਚੇ - ਹੁਣ ਭੁੱਲਾਂ ਨਾਂ ਕਰੋ। ਇੱਥੇ ਤੁਸੀਂ ਆਏ ਹੋ ਨਰ ਤੋਂ ਨਰਾਇਣ ਬਣਨ ਲਈ ਤਾਂ ਦੈਵੀਗੁਣ ਧਾਰਨ ਕਰੋ। ਕਿਸੇ ਨੂੰ ਵੀ ਦੁੱਖ ਨਾਂ ਦੇਵੋ। ਭੁੱਲਾਂ ਕਰਦੇ ਹਨ ਤਾਂ ਦੁੱਖ ਦਿੰਦੇ ਹਨ। ਬਾਪ ਕਦੇ ਬੱਚਿਆਂ ਨੂੰ ਦੁੱਖ ਨਹੀਂ ਦਿੰਦੇ ਹਨ, ਉਹ ਤੁਹਾਨੂੰ ਡਾਇਰੈਕਸ਼ਨ ਦਿੰਦੇ ਹਨ - ਬੱਚੇ, ਮਾਮੇਕਮ ਯਾਦ ਕਰੋ। ਯੋਗੀ ਬਣੋ ਤਾਂ ਵਿਕਰਮ ਵਿਨਾਸ਼ ਹੋ ਜਾਣਗੇ। ਤੁਸੀਂ ਬੜਾ ਮਿੱਠਾ ਬਣ ਜਾਵੋਗੇ।

ਓਮ ਸ਼ਾਂਤੀ। ਜੋ ਬੱਚੇ ਆਪਣੇ ਨੂੰ ਆਤਮਾ ਸਮਝ, ਪਰਮਪਿਤਾ ਪਰਮਾਤਮਾ ਨਾਲ ਯੋਗ ਲਗਾਉਂਦੇ ਹਨ, ਉਨ੍ਹਾਂ ਨੂੰ ਸੱਚਾ ਯੋਗੀ ਕਿਹਾ ਜਾਂਦਾ ਹੈ, ਕਿਉਂਕਿ ਬਾਪ ਸੱਚਾ ਹੈ ਨਾ! ਤਾਂ ਤੁਹਾਡਾ ਬੁੱਧੀਯੋਗ ਸੱਤ ਦੇ ਨਾਲ ਹੈ। ਉਹ ਜੋ ਕੁਝ ਵੀ ਸੁਣਾਉਂਦੇ ਹਨ, ਸੱਤ ਹੀ ਹੈ। ਯੋਗੀ ਅਤੇ ਭੋਗੀ ਦੋ ਤਰ੍ਹਾਂ ਦੇ ਲੋਕ ਹਨ। ਭੋਗੀ ਵੀ ਅਨੇਕ ਤਰ੍ਹਾਂ ਦੇ ਹੁੰਦੇ ਹਨ। ਯੋਗੀ ਵੀ ਅਨੇਕ ਤਰ੍ਹਾਂ ਦੇ ਹੁੰਦੇ ਹਨ। ਤੁਹਾਡਾ ਯੋਗ ਤਾਂ ਹੈ ਹੀ ਇੱਕ ਤਰ੍ਹਾਂ ਦਾ। ਉਨ੍ਹਾਂ ਦਾ ਸੰਨਿਆਸ ਵੱਖ ਹੈ, ਤੁਹਾਡਾ ਸੰਨਿਆਸ ਵੱਖ ਹੈ। ਤੁਸੀਂ ਹੋ ਪੁਰਸ਼ੋਤਮ ਸੰਗਮਯੁੱਗ ਦੇ ਯੋਗੀ। ਹੋਰ ਕਿਸੇ ਨੂੰ ਇਹ ਯੋਗ ਦਾ ਪਤਾ ਨਹੀਂ ਹੈ ਕਿ ਅਸੀਂ ਪਾਵਨ ਯੋਗੀ ਹਾਂ ਜਾਂ ਪਤਿਤ ਭੋਗੀ ਹਾਂ। ਇਹ ਵੀ ਬੱਚੇ ਜਾਣਦੇ ਨਹੀਂ ਹਨ। ਬਾਬਾ ਤਾਂ ਸਭ ਨੂੰ ਬੱਚਾ-ਬੱਚਾ ਕਹਿੰਦੇ ਹਨ, ਕਿਉਂਕਿ ਬਾਪ ਜਾਣਦੇ ਹਨ ਕਿ ਮੈਂ ਬੇਹੱਦ ਆਤਮਾਵਾਂ ਦਾ ਪਿਤਾ ਹਾਂ। ਅਤੇ ਤੁਸੀਂ ਸਮਝਦੇ ਹੋ ਕਿ ਅਸੀਂ ਆਤਮਾ ਭਾਈ-ਭਾਈ ਹਾਂ। ਉਹ ਸਾਡਾ ਬਾਪ ਹੈ। ਤੁਸੀਂ ਬਾਪ ਨਾਲ ਯੋਗ ਲਗਾਉਣ ਨਾਲ ਪਵਿੱਤਰ ਬਣਦੇ ਹੋ। ਉਹ ਹਨ ਭੋਗੀ, ਤੁਸੀਂ ਹੋ ਯੋਗੀ। ਬਾਪ ਆਪਣੀ ਪਹਿਚਾਣ ਤੁਹਾਨੂੰ ਦਿੰਦੇ ਹਨ। ਇਹ ਵੀ ਤੁਸੀਂ ਜਾਣਦੇ ਹੋ ਇਹ ਪੁਰਸ਼ੋਤਮ ਸੰਗਮਯੁੱਗ ਹੈ। ਇਹ ਤੁਹਾਡੇ ਬਗੈਰ ਕੋਈ ਜਾਣਦਾ ਨਹੀਂ ਹੈ। ਇਸਦਾ ਨਾਮ ਹੈ ਪੁਰਸ਼ੋਤਮ ਸੰਗਮਯੁੱਗ, ਇਸ ਲਈ ਪੁਰਸ਼ੋਤਮ ਅੱਖਰ ਨੂੰ ਕਦੇ ਭੁੱਲਣਾ ਨਹੀਂ ਹੈ। ਇਹ ਪੁਰਸ਼ੋਤਮ ਬਣਨ ਦਾ ਯੁੱਗ ਹੈ। ਪੁਰਸ਼ੋਤਮ ਕਿਹਾ ਜਾਂਦਾ ਹੈ ਉੱਚੇ ਅਤੇ ਪਵਿੱਤਰ ਮਨੁੱਖ ਨੂੰ। ਉੱਚੇ ਅਤੇ ਪਵਿੱਤਰ ਇਹ ਲਕਸ਼ਮੀ ਨਰਾਇਣ ਸਨ। ਤੁਹਾਨੂੰ ਹੁਣ ਟਾਈਮ ਦਾ ਵੀ ਪਤਾ ਲੱਗਿਆ ਹੈ। 5 ਹਜ਼ਾਰ ਸਾਲ ਦੇ ਬਾਅਦ ਇਹ ਦੁਨੀਆਂ ਪੁਰਾਣੀ ਹੋ ਜਾਂਦੀ ਹੈ। ਫਿਰ ਇਸਨੂੰ ਨਵਾਂ ਬਣਾਉਣ ਦੇ ਲਈ ਬਾਪ ਆਉਂਦੇ ਹਨ। ਹੁਣ ਅਸੀਂ ਹਾਂ ਸੰਗਮਯੁੱਗੀ ਬ੍ਰਾਹਮਣ ਕੁੱਲ ਦੇ। ਉੱਚੇ ਤੇ ਉਚਾ ਹੈ ਬ੍ਰਹਮਾ, ਪਰ ਬ੍ਰਹਮਾ ਨੂੰ ਸ਼ਰੀਰਧਾਰੀ ਦਿਖਾਉਂਦੇ ਹਨ। ਸ਼ਿਵਬਾਬਾ ਤਾਂ ਅਸ਼ਰੀਰੀ ਹੈ। ਬੱਚੇ ਸਮਝ ਗਏ, ਅਸ਼ਰੀਰੀ ਅਤੇ ਸ਼ਰੀਰਧਾਰੀ ਦਾ ਮਿਲਣ ਹੁੰਦਾ ਹੈ। ਉਸਨੂੰ ਤੁਸੀਂ ਕਹਿੰਦੇ ਹੋ ਬਾਬਾ। ਇਹ ਵੰਡਰਫੁੱਲ ਪਾਰਟ ਹੈ ਨਾ। ਇਸਦਾ ਗਾਇਨ ਵੀ ਹੈ, ਮੰਦਰ ਵੀ ਬਣਾਉਂਦੇ ਹਨ। ਕੋਈ ਕਿਸੇ ਤਰ੍ਹਾਂ, ਕੋਈ ਕਿਸ ਤਰ੍ਹਾਂ ਰੱਥ ਨੂੰ ਸ਼ਿੰਗਾਰਦੇ ਹਨ। ਇਹ ਵੀ ਬਾਬਾ ਨੇ ਦੱਸਿਆ ਹੈ- ਬਹੁਤ ਜਨਮਾਂ ਦੇ ਅੰਤ ਦੇ ਜਨਮ ਦੇ ਵੀ ਅੰਤ ਵਿੱਚ ਮੈਂ ਪ੍ਰਵੇਸ਼ ਕਰਦਾ ਹਾਂ। ਕਿੰਨਾ ਕਲੀਅਰ ਸਮਝਾਉਂਦੇ ਹਨ। ਪਹਿਲਾਂ-ਪਹਿਲਾਂ ਭਗਵਾਨੁਵਾਚ ਕਹਿਣਾ ਪਵੇ। ਫਿਰ ਮੈਂ ਬਹੁਤ ਜਨਮਾਂ ਦੇ ਅੰਤ ਵਿੱਚ ਸਾਰੇ ਰਾਜ ਬੱਚਿਆਂ ਨੂੰ ਹੀ ਸਮਝਾਉਂਦਾ ਹਾਂ, ਹੋਰ ਕੋਈ ਸਮਝ ਵੀ ਨਹੀਂ ਸਕਦਾ ਹੈ। ਤੁਸੀਂ ਬੱਚੇ ਵੀ ਕਦੇ-ਕਦੇ ਭੁੱਲ ਜਾਂਦੇ ਹੋ। ਪੁਰਸ਼ੋਤਮ ਅੱਖਰ ਲਿਖਣ ਨਾਲ ਸਮਝਣਗੇ ਕਿ ਇਹ ਪੁਰਸ਼ੋਤਮ ਯੁੱਗ ਹੀ ਕਲਿਆਣਕਾਰੀ ਹੈ। ਜੇਕਰ ਯੁੱਗ ਯਾਦ ਹੈ ਤਾਂ ਸਮਝਣਗੇ ਹੁਣ ਅਸੀਂ ਨਵੀ ਦੁਨੀਆਂ ਦੇ ਲਈ ਬਦਲ ਰਹੇ ਹਾਂ। ਨਵੀ ਦੁਨੀਆਂ ਵਿੱਚ ਹੁੰਦੇ ਹੀ ਹਨ ਦੇਵਤਾ। ਯੁੱਗਾਂ ਦਾ ਵੀ ਤੁਹਾਨੂੰ ਪਤਾ ਲੱਗਿਆ ਹੈ, ਬਾਪ ਸਮਝਾਉਂਦੇ ਹਨ - ਮਿੱਠੇ ਬੱਚੇ, ਸੰਗਮਯੁੱਗ ਨੂੰ ਕਦੇ ਭੁੱਲੋ ਨਹੀਂ। ਇਹ ਭੁੱਲਣ ਨਾਲ ਸਾਰਾ ਗਿਆਨ ਭੁੱਲ ਜਾਂਦਾ ਹੈ। ਤੁਸੀਂ ਬੱਚੇ ਜਾਣਦੇ ਹੋ ਅਸੀਂ ਹੁਣ ਬਦਲ ਰਹੇ ਹਾਂ। ਹੁਣ ਪੁਰਾਣੀ ਦੁਨੀਆਂ ਵੀ ਬਦਲ ਨਵੀਂ ਹੋਣੀ ਹੈ।

ਬਾਪ ਆਕੇ ਦੁਨੀਆਂ ਨੂੰ ਵੀ ਬਦਲਦੇ ਹਨ, ਤਾਂ ਬੱਚਿਆਂ ਨੂੰ ਵੀ ਬਦਲਦੇ ਹਨ। ਬੱਚੇ - ਬੱਚੇ ਤੇ ਸਭ ਨੂੰ ਕਹਿੰਦੇ ਹਨ। ਸਾਰੀ ਦੁਨੀਆਂ ਦੀਆਂ ਜੋ ਆਤਮਾਵਾਂ ਹਨ ਉਹ ਸਭ ਬੱਚੇ ਹਨ। ਸਭ ਦਾ ਪਾਰਟ ਇਸ ਡਰਾਮਾ ਵਿੱਚ ਹੈ। ਚੱਕਰ ਨੂੰ ਵੀ ਸਿੱਧ ਕਰਨਾ ਹੈ। ਹਰ ਇੱਕ ਆਪਣਾ-ਆਪਣਾ ਧਰਮ ਸਥਾਪਨ ਕਰਦੇ ਹਨ। ਇਹ ਦੇਵੀ - ਦੇਵਤਾ ਧਰਮ ਸਿਵਾਏ ਬਾਪ ਦੇ ਹੋਰ ਕੋਈ ਸਥਾਪਨ ਕਰ ਨਹੀਂ ਸਕਦਾ ਹੈ। ਇਹ ਧਰਮ ਕੋਈ ਬ੍ਰਹਮਾ ਨਹੀਂ ਸਥਾਪਨ ਕਰਦੇ ਹਨ। ਨਵੀਂ ਦੁਨੀਆਂ ਵਿੱਚ ਹੈ ਹੀ ਦੇਵੀ-ਦੇਵਤਾ ਧਰਮ। ਪੁਰਾਣੀ ਦੁਨੀਆਂ ਵਿੱਚ ਸਾਰੇ ਮਨੁੱਖ ਹੀ ਮਨੁੱਖ ਹਨ। ਨਵੀ ਦੁਨੀਆਂ ਵਿੱਚ ਦੇਵੀ - ਦੇਵਤਾ ਹੁੰਦੇ ਹਨ। ਦੇਵਤਾ ਪਵਿੱਤਰ ਹੁੰਦੇ ਹਨ। ਉੱਥੇ ਰਾਵਣ ਰਾਜ ਹੀ ਨਹੀਂ ਹੈ। ਬਾਪ ਤੁਹਾਨੂੰ ਬੱਚਿਆਂ ਨੂੰ ਰਾਵਣ ਤੇ ਜਿੱਤ ਪ੍ਰਾਪਤ ਕਰਵਾਉਂਦੇ ਹਨ। ਰਾਵਣ ਤੇ ਜਿੱਤ ਪ੍ਰਾਪਤ ਹੁੰਦੇ ਹੀ ਰਾਮ ਰਾਜ ਸ਼ੁਰੂ ਹੋ ਜਾਂਦਾ ਹੈ। ਰਾਮ ਰਾਜ ਨਵੀ ਦੁਨੀਆਂ ਨੂੰ ਅਤੇ ਰਾਵਣ ਰਾਜ ਪੁਰਾਣੀ ਦੁਨੀਆਂ ਨੂੰ ਕਿਹਾ ਜਾਂਦਾ ਹੈ। ਰਾਮ ਰਾਜ ਕਿਵੇਂ ਸਥਾਪਨ ਹੁੰਦਾ ਹੈ- ਇਹ ਤਾਂ ਤੁਹਾਡੇ ਬੱਚਿਆਂ ਦੇ ਸਿਵਾਏ ਹੋਰ ਕੋਈ ਜਾਣਦਾ ਨਹੀਂ ਹੈ। ਰਚਤਾ ਬਾਪ ਬੈਠ ਤੁਹਾਨੂੰ ਬੱਚਿਆਂ ਨੂੰ ਰਚਨਾ ਦਾ ਰਾਜ ਸਮਝਾਉਂਦੇ ਹਨ। ਬਾਪ ਹੈ ਰਚਤਾ, ਬੀਜ਼ਰੂਪ। ਬੀਜ਼ ਨੂੰ ਕਿਹਾ ਜਾਂਦਾ ਹੈ ਵ੍ਰਿਕਸ਼ਪਤੀ। ਹੁਣ ਉਹ ਜੜ੍ਹ ਬੀਜ਼ ਹੈ, ਉਸਨੂੰ ਤਾਂ ਇਵੇ ਨਹੀਂ ਸਮਝਾਂਗੇ। ਤੁਸੀਂ ਜਾਣਦੇ ਹੋ ਬੀਜ਼ ਤੋਂ ਹੀ ਸਾਰਾ ਝਾੜ ਨਿਕਲਦਾ ਹੈ। ਸਾਰੇ ਵਿਸ਼ਵ ਦਾ ਕਿੰਨਾ ਵੱਡਾ ਝਾੜ ਹੈ। ਉਹ ਹੈ ਜੜ੍ਹ, ਇਹ ਹੈ ਚੇਤਨ। ਸੱਤ

ਚਿੱਤ ਆਨੰਦ ਸਵਰੂਪ, ਮਨੁੱਖ ਸ੍ਰਿਸ਼ਟੀ ਦਾ ਬੀਜ਼ਰੂਪ ਬਾਪ ਹੈ। ਉਸ ਤੋਂ ਕਿੰਨਾ ਵੱਡਾ ਝਾੜ ਨਿਕਲਦਾ ਹੈ। ਮਾਡਲ ਤਾਂ ਛੋਟਾ ਬਣਾਉਂਦੇ ਹਨ। ਮਨੁੱਖ ਸ੍ਰਿਸ਼ਟੀ ਦਾ ਝਾੜ ਸਭ ਤੋਂ ਵੱਡਾ ਹੈ। ਉੱਚੇ ਤੇ ਉਚਾ ਬਾਪ ਨਾਲੇਜ਼ਫੁੱਲ ਹੈ। ਉਨਾਂ ਝਾੜਾਂ ਦੀ ਨਾਲੇਜ਼ ਬਹੁਤਿਆਂ ਨੂੰ ਹੁੰਦੀ ਹੈ, ਇਸਦੀ ਨਾਲੇਜ਼ ਤਾਂ ਇੱਕ ਬਾਪ ਹੀ ਦਿੰਦੇ ਹਨ। ਹੁਣ ਬਾਪ ਨੇ ਤੁਹਾਨੂੰ ਹੱਦ ਦੀ ਬੁੱਧੀ ਬਦਲ ਕੇ ਬੇਹੱਦ ਦੀ ਬੁੱਧੀ ਦਿੱਤੀ ਹੈ। ਤੁਸੀਂ ਇਸ ਬੇਹੱਦ ਦੇ ਝਾੜ ਨੂੰ ਜਾਣ ਗਏ ਹੋ। ਕਿੰਨਾ ਵੱਡਾ ਪੋਲਾਰ ਇਸ ਝਾੜ ਨੂੰ ਮਿਲਿਆ ਹੋਇਆ ਹੈ। ਬਾਪ ਬੱਚਿਆਂ ਨੂੰ ਬੇਹੱਦ ਵਿੱਚ ਲੈ ਜਾਂਦੇ ਹਨ। ਹੁਣ ਸਾਰੀ ਦੁਨੀਆਂ ਹੀ ਪਤਿਤ ਹੈ। ਸਾਰੀ ਸ੍ਰਿਸ਼ਟੀ ਹੀ ਹਿੰਸਕ ਹੈ। ਇੱਕ ਦੋ ਦੀ ਹਿੰਸਾ ਕਰਨ ਵਾਲੇ ਹਨ। ਹੁਣ ਤੁਹਾਨੂੰ ਬੱਚਿਆਂ ਨੂੰ ਗਿਆਨ ਮਿਲਿਆ ਹੈ। ਅਹਿੰਸਕ ਕੇਵਲ ਇੱਕ ਹੀ ਦੇਵਤਾ ਧਰਮ ਹੁੰਦਾ ਹੈ ਸਤਿਯੁੱਗ ਵਿੱਚ। ਸਤਿਯੁੱਗ ਵਿੱਚ ਸਾਰੇ ਪਵਿੱਤਰ, ਸੁੱਖ, ਸ਼ਾਂਤੀ ਵਿੱਚ ਰਹਿੰਦੇ ਹਨ। ਸਾਰੀਆਂ ਮਨੋਕਾਮਨਾਵਾਂ 21 ਜਨਮ ਦੇ ਲਈ ਪੂਰੀਆਂ ਹੋ ਜਾਂਦੀਆਂ ਹਨ। ਸਤਿਯੁੱਗ ਵਿੱਚ ਕੋਈ ਕਾਮਨਾ ਨਹੀਂ ਹੈ। ਅਨਾਜ ਆਦਿ ਸਭ ਕੁਝ ਬਹੁਤ ਮਿਲ ਜਾਂਦਾ ਹੈ। ਇਹ ਬਾਂਬੇ(ਮੁੰਬਈ) ਪਹਿਲਾਂ ਨਹੀਂ ਸੀ। ਦੇਵਤਾ ਖਾਰੇ(ਸਾਗਰ ਦੇ ਕੰਢੇ) ਜ਼ਮੀਨ ਤੇ ਨਹੀਂ ਰਹਿੰਦੇ ਹਨ। ਮਿੱਠੀਆਂ ਨਦੀਆਂ ਜਿਥੇ ਸਨ, ਉੱਥੇ ਦੇਵਤਾ ਸਨ। ਮਨੁੱਖ ਥੋੜੇ ਸਨ, ਇੱਕ-ਇੱਕ ਨੂੰ ਬੜੀ ਜਮੀਨ ਹੁੰਦੀ ਹੈ। ਸਤਿਯੁੱਗ ਵਿੱਚ ਹੈ ਹੀ ਵਾਈਸਲੈੱਸ ਵਰਲਡ। ਤੁਸੀਂ ਯੋਗਬਲ ਨਾਲ ਵਿਸ਼ਵ ਦੀ ਰਾਜਾਈ ਲੈਂਦੇ ਹੋ। ਉਸਨੂੰ ਹੀ ਰਾਮ ਰਾਜ ਕਿਹਾ ਜਾਂਦਾ ਹੈ। ਪਹਿਲਾਂ-ਪਹਿਲਾਂ ਨਵਾਂ ਝਾੜ ਬੜਾ ਛੋਟਾ ਹੁੰਦਾ ਹੈ। ਪਹਿਲਾਂ ਥੁਰ ਵਿੱਚ ਇੱਕ ਧਰਮ ਸੀ। ਫਿਰ ਫਾਊਂਡੇਸ਼ਨ ਤੋਂ ਤਿੰਨ ਟਿਊਬ ਨਿਕਲਦੀ ਹੈ। ਇੱਕੋ ਜਿਹਾ ਫਾਉਂਡੇਸ਼ਨ ਹੈ ਦੇਵੀ - ਦੇਵਤਾ ਧਰਮ ਦਾ। ਥੁਰ ਤੋਂ ਡਾਲ ਡਾਲੀਆਂ ਛੋਟੀ-ਛੋਟੀਆਂ ਨਿਕਲਦੀਆਂ ਹਨ। ਹੁਣ ਤਾਂ ਇਸ ਝਾੜ ਦਾ ਥੁਰ ਹੀ ਨਹੀਂ ਹੈ ਹੋਰ ਕੋਈ ਇਵੇ ਦਾ ਝਾੜ ਹੁੰਦਾ ਹੀ ਨਹੀਂ ਹੈ। ਇਸਦਾ ਮਿਸਾਲ ਵੀ ਬੜ ਦੇ ਝਾੜ ਨਾਲ ਐਕਯੁਰੇਟ ਹੈ। ਬੜ ਦਾ ਝਾੜ ਸਾਰਾ ਖੜਾ ਹੈ ਪਰ ਥੁਰ ਹੈ ਹੀ ਨਹੀਂ। ਸੁੱਕਦਾ ਵੀ ਨਹੀਂ ਹੈ। ਸਾਰਾ ਝਾੜ ਹਰਾ ਭਰਾ ਖੜਾ ਹੈ। ਬਾਕੀ ਦੇਵੀ ਦੇਵਤਾ ਧਰਮ ਦਾ ਫਾਊਂਡੇਸ਼ਨ ਹੈ ਨਹੀਂ। ਥੁਰ ਤਾਂ ਇਹ ਹੀ ਹੈ ਨਾ। ਰਾਮ -ਰਾਜ ਅਤੇ ਦੇਵੀ - ਦੇਵਤਾ ਧਰਮ ਵੀ ਥੁਰ ਵਿੱਚ ਹੀ ਆ ਜਾਂਦਾ ਹੈ। ਬਾਪ ਕਹਿੰਦੇ ਅਸੀਂ 3 ਧਰਮ ਸਥਾਪਨ ਕਰਦੇ ਹਾਂ। ਇਹ ਸਭ ਗੱਲਾਂ ਤੁਸੀਂ ਸੰਗਮਯੁੱਗੀ ਬ੍ਰਾਹਮਣ ਹੀ ਸਮਝਦੇ ਹੋ। ਤੁਹਾਡਾ ਬ੍ਰਾਹਮਣਾ ਦਾ ਹੈ ਛੋਟਾ ਜਿਹਾ ਕੁੱਲ। ਛੋਟੇ-ਛੋਟੇ ਮੱਠ ਪੰਥ ਨਿਕਲਦੇ ਹਨ ਨਾ। ਅਰਵਿੰਦ ਆਸ਼ਰਮ ਹੈ, ਕਿੰਨਾ ਜਲਦੀ-ਜਲਦੀ ਵਾਧੇ ਨੂੰ ਪਾਉਂਦੇ ਹਨ ਕਿਉਂਕਿ ਉਨ੍ਹਾਂ ਵਿੱਚ ਵਿਕਾਰ ਲਈ ਕੋਈ ਮਨਾ ਨਹੀਂ ਹੈ। ਇੱਥੇ ਬਾਪ ਕਹਿੰਦੇ ਹਨ ਕਾਮ ਮਹਾਸ਼ਤਰੂ ਹੈ। ਉਸ ਤੇ ਜਿੱਤ ਪਾਉਣੀ ਹੈ।

ਇਵੇਂ ਹੋਰ ਕੋਈ ਕਹਿ ਨਹੀਂ ਸਕਦਾ ਹੈ। ਨਹੀਂ ਤਾਂ ਉਨ੍ਹਾਂ ਦੇ ਕੋਲ ਵੀ ਹੰਗਾਮਾ ਹੋ ਜਾਵੇ। ਇੱਥੇ ਤਾਂ ਹੈ ਹੀ ਪਤਿਤ ਮਨੁੱਖ ਤਾਂ ਪਾਵਨ ਬਣਨ ਦੀ ਗੱਲ ਨਹੀਂ ਸੁਣਦੇ ਹਨ। ਕਹਿੰਦੇ ਹਨ ਵਿਕਾਰ ਬਗੈਰ ਬੱਚੇ ਕਿਵੇਂ ਪੈਦਾ ਹੋਣਗੇ। ਉਨ੍ਹਾਂ ਵਿਚਾਰਿਆ ਦਾ ਵੀ ਕੋਈ ਦੋਸ਼ ਨਹੀਂ ਹੈ। ਗੀਤਾ ਪਾਠੀ ਕਹਿੰਦੇ ਵੀ ਹਨ ਭਗਵਾਨੁਵਾਚ ਕਾਮ ਮਹਾਸ਼ਤਰੂ ਹੈ। ਉਸ ਨੂੰ ਜਿੱਤਣ ਨਾਲ ਜਗਤਜੀਤ ਬਣਦੇ ਹਾਂ, ਪਰ ਸਮਝਦੇ ਨਹੀਂ ਹਨ। ਉਹ ਜਦੋਂ ਇਹ ਅੱਖਰ ਸੁਣਾਉਂਦੇ ਹਨ ਤਾਂ ਉਨ੍ਹਾਂ ਨੂੰ ਵੀ ਸਮਝਾਉਣਾ ਚਾਹੀਦਾ ਹੈ। ਇਸ ਤੇ ਬਾਬਾ ਕਹਿੰਦੇ ਹਨ - ਜਿਵੇ ਹੰਨੂਮਾਨ ਦਰਵਾਜੇ ਤੇ ਜੁੱਤੀਆਂ ਵਿੱਚ ਬੈਠਦਾ ਸੀ, ਬਾਬਾ ਵੀ ਕਹਿੰਦੇ ਹਨ ਜਾਂ ਕੇ ਕਿਨਾਰੇ ਬੈਠ ਕੇ ਸੁਣ ਕੇ ਆਵੋ। ਫਿਰ ਜਦੋਂ ਉਹ ਇਹ ਅੱਖਰ ਕਹਿਣ ਤਾਂ ਪੁੱਛੋ - ਇਸਦਾ ਰਹੱਸ ਕੀ ਹੈ? ਜਗਤਜੀਤ ਤਾਂ ਇਹ ਦੇਵਤਾ ਸਨ। ਦੇਵਤਾ ਬਣਨ ਲਈ ਇਨਾਂ ਵਿਕਾਰਾਂ ਨੂੰ ਛੱਡਣਾ ਪਵੇ। ਇਹ ਵੀ ਤੁਸੀਂ ਕਹਿ ਸਕਦੇ ਹੋ। ਤੁਸੀਂ ਹੀ ਜਾਣਦੇ ਹੋ ਕਿ ਹੁਣ ਰਾਮ ਰਾਜ ਦੀ ਸਥਾਪਨਾ ਹੋ ਰਹੀ ਹੈ। ਮਹਾਂਵੀਰ ਵੀ ਤੁਸੀਂ ਹੀ ਹੋ। ਇਸ ਵਿੱਚ ਡਰਨ ਦੀ ਕੋਈ ਗੱਲ ਨਹੀਂ ਹੈ। ਬਹੁਤ ਪਿਆਰ ਨਾਲ ਪੁੱਛਣਾ ਚਾਹੀਦਾ ਹੈ- ਸਵਾਮੀ ਜੀ, ਤੁਸੀਂ ਦੱਸਿਆ ਕਿ ਇਨਾਂ ਵਿਕਾਰਾਂ ਤੇ ਜਿੱਤ ਪਾਉਣ ਨਾਲ ਵਿਸ਼ਵ ਦਾ ਮਾਲਿਕ ਬਣਾਂਗੇ, ਲੇਕਿਨ ਤੁਸੀਂ ਇਹ ਤਾਂ ਦੱਸਿਆ ਨਹੀਂ ਕਿ ਪਵਿੱਤਰ ਕਿਵੇਂ ਬਣੀਏ? ਹੁਣ ਤੁਸੀਂ ਬੱਚੇ ਪਵਿੱਤਰਤਾ ਵਿੱਚ ਰਹਿਣ ਵਾਲੇ ਮਹਾਂਵੀਰ ਹੋ। ਮਹਾਂਵੀਰ ਹੀ ਵਿਜਯ ਮਾਲਾ ਵਿੱਚ ਪਿਰੋਏ ਜਾਂਦੇ ਹਨ। ਮਨੁੱਖਾ ਦੇ ਕੰਨ ਤਾਂ ਰੋਗ ਗੱਲਾਂ ਸੁਣਨ ਵਿੱਚ ਲੱਗੇ ਹੋਏ ਹਨ। ਤੁਹਾਨੂੰ ਹੁਣ ਗਲਤ ਗੱਲਾਂ ਸੁਣਨਾ ਚੰਗਾ ਨਹੀਂ ਲਗਦਾ ਹੈ। ਰਾਈਟ ਗੱਲਾਂ ਤੁਹਾਡੇ ਕੰਨਾਂ ਨੂੰ ਚੰਗੀਆਂ ਲੱਗਦੀਆਂ ਹਨ। ਹੀਅਰ ਨੋ ਈਵਲ...ਮਨੁੱਖਾਂ ਨੂੰ ਸੁਜਾਗ ਤਾਂ ਜ਼ਰੂਰ ਕਰਨਾ ਹੈ। ਭਗਵਾਨ ਕਹਿੰਦੇ ਹਨ ਪਵਿੱਤਰ ਬਣੋ। ਸਤਿਯੁੱਗ ਵਿੱਚ ਸਾਰੇ ਪਵਿੱਤਰ ਦੇਵਤਾ ਸਨ। ਹੁਣ ਸਾਰੇ ਅਪਵਿੱਤਰ ਹਨ। ਇਵੇਂ-ਇਵੇਂ ਸਮਝਾਉਣਾ ਚਾਹੀਦਾ ਹੈ। ਬੋਲੋ, ਸਾਡੇ ਕੋਲ ਇਹ ਸਤਿਸੰਗ ਹੁੰਦਾ ਹੈ, ਉਸ ਵਿੱਚ ਇਹ ਸਮਝਾਇਆ ਜਾਂਦਾ ਹੈ ਕਿ ਕਾਮ ਮਹਾਸ਼ਤਰੁ ਹੈ। ਹੁਣ ਪਵਿੱਤਰ ਬਣਨਾ ਚਾਹੁੰਦੇ ਹੋ ਤਾਂ ਇੱਕ ਯੁਕਤੀ ਨਾਲ ਬਣੋ, ਆਪਣੇ ਨੂੰ ਆਤਮਾ ਸਮਝ, ਭਾਈ-ਭਾਈ ਦੀ ਦ੍ਰਿਸ਼ਟੀ ਪੱਕੀ ਕਰੋ।

ਤੁਸੀਂ ਜਾਣਦੇ ਹੋ - ਪਹਿਲਾਂ-ਪਹਿਲਾਂ ਇਹ ਭਾਰਤ ਬਹੁਤ ਭਰਪੂਰ ਖੰਡ ਸੀ, ਹੁਣ ਖਾਲੀ ਹੋਣ ਕਾਰਣ ਹਿੰਦੁਸਤਾਨ ਨਾਮ ਰੱਖ ਦਿੱਤਾ ਹੈ। ਪਹਿਲਾਂ ਭਾਰਤ ਧਨ-ਦੌਲਤ, ਪਵਿੱਤਰਤਾ, ਸੁੱਖ ਸ਼ਾਂਤੀ ਸਭ ਵਿੱਚ ਭਰਪੂਰ ਸੀ। ਹੁਣ ਹੈ ਦੁੱਖਾਂ ਨਾਲ ਭਰਪੂਰ। ਇਸ ਲਈ ਬੁਲਾਉਂਦੇ ਹਨ - ਹੇ ਦੁੱਖ ਹਰਤਾ, ਸੁੱਖ ਕਰਤਾ...। ਤੁਸੀਂ ਕਿੰਨਾ ਖੁਸ਼ੀ ਨਾਲ ਬਾਪ ਤੋਂ ਪੜਦੇ ਹੋ। ਇਵੇਂ ਦਾ ਕਿਹੜਾ ਹੋਵੇਗਾ ਜੋ ਬੇਹੱਦ ਦੇ ਬਾਪ ਤੋਂ ਬੇਹੱਦ ਸੁੱਖ ਦਾ ਵਰਸਾ ਨਹੀਂ ਲਵੇਗਾ! ਪਹਿਲਾਂ-ਪਹਿਲਾਂ ਅਲਫ਼ ਸਮਝਣਾ ਹੈ। ਅਲਫ਼ ਨੂੰ ਨਾਂ ਜਾਣਿਆ ਤਾਂ ਕੁਝ ਵੀ ਰਾਜ ਬੁੱਧੀ ਵਿੱਚ ਆਵੇਗਾ ਨਹੀਂ। ਤਾਂ ਬੇਹੱਦ ਦਾ ਬਾਪ ਜੋ ਬੇਹੱਦ ਦਾ ਵਰਸਾ ਦਿੰਦੇ ਹਨ, ਜਦੋਂ ਇਹ ਨਿਸ਼ਚੇ ਬੈਠੇ ਫਿਰ ਅੱਗੇ ਵੱਧੋ। ਬੱਚਿਆਂ ਨੂੰ ਬਾਪ ਤੋਂ ਕੁਝ ਵੀ ਪ੍ਰਸ਼ਨ ਪੁੱਛਣ ਦੀ ਗੱਲ ਨਹੀਂ ਹੈ। ਬਾਪ ਪਤਿਤ - ਪਾਵਨ ਹੈ ਉਸਨੂੰ ਹੀ ਤੁਸੀਂ ਯਾਦ ਕਰਦੇ ਹੋ। ਤੁਸੀਂ ਉਸਦੀ ਯਾਦ ਨਾਲ ਹੀ ਪਾਵਨ ਬਣੋਗੇ। ਮੈਨੂੰ ਬੁਲਾਇਆ ਹੀ ਇਸ ਲਈ ਹੈ। ਜੀਵਨਮੁਕਤੀ ਹੈ ਵੀ ਸੈਕੰਡ ਦੀ। ਫਿਰ ਵੀ ਯਾਦ ਦੀ ਯਾਤਰਾ ਸਮਾਂ ਲੈ ਲੈਂਦੀ ਹੈ। ਮੁੱਖ ਯਾਦ ਦੀ ਯਾਤਰਾ ਵਿੱਚ ਹੀ ਵਿਘਨ ਪੈਂਦੇ ਹਨ। ਅੱਧਾ ਕਲਪ ਦੇਹ - ਅਭਿਮਾਨੀ ਰਹੇ ਹੋ। ਹੁਣ ਇੱਕ ਜਨਮ ਦੇਹੀ - ਅਭਿਮਾਨੀ ਬਣਨ ਵਿੱਚ ਹੀ ਮਿਹਨਤ ਹੈ। ਇਸਦੇ ਲਈ(ਬ੍ਰਹਮਾ ਬਾਬਾ ਦੇ ਲਈ) ਵੀ ਬੜਾ ਸਹਿਜ਼ ਹੈ। ਤੁਸੀਂ ਬੁਲਾਉਂਦੇ ਵੀ ਹੋ ਬਾਪਦਾਦਾ। ਇਹ ਵੀ ਜਾਣਦੇ ਹਨ ਬਾਪ ਦੀ ਸਵਾਰੀ ਸਾਡੇ ਸਿਰ ਤੇ ਹੈ। ਬਹੁਤ ਉਨ੍ਹਾਂ ਦੀ ਮਹਿਮਾ ਕਰਦਾ ਹਾਂ, ਬੜਾ ਪਿਆਰ ਕਰਦਾ ਹਾਂ- ਬਾਬਾ, ਤੁਸੀਂ ਕਿੰਨੇ

ਮਿੱਠੇ ਹੋ, ਸਾਨੂੰ ਕਲਪ-ਕਲਪ ਕਿੰਨਾ ਸਿਖਾਉਂਦੇ ਹੋ। ਫਿਰ ਅੱਧਾ ਕਲਪ ਤੁਹਾਨੂੰ ਯਾਦ ਵੀ ਨਹੀਂ ਕਰਾਂਗੇ। ਹੁਣ ਤਾਂ ਬੜਾ ਯਾਦ ਕਰਦਾ ਹਾਂ। ਕਲ ਸਾਡੇ ਵਿੱਚ ਕੁਝ ਵੀ ਗਿਆਨ ਨਹੀਂ ਸੀ। ਜਿਸ ਦੀ ਪੂਜਾ ਕਰਦੇ ਸੀ, ਸਾਨੂੰ ਇਹ ਥੋੜੀ ਪਤਾ ਸੀ ਕਿ ਅਸੀਂ ਇਹ ਬਣ ਜਾਵਾਂਗੇ। ਹੁਣ ਤਾਂ ਵੰਡਰ ਲੱਗਦਾ ਹੈ। ਯੋਗੀ ਬਣਨ ਨਾਲ ਫਿਰ ਇਹ ਦੇਵੀ - ਦੇਵਤਾ ਬਣ ਜਾਵਾਂਗੇ। ਮੇਰੇ ਵੀ ਸਾਰੇ ਬੱਚੇ ਹਨ। ਇਹ ਬਾਬਾ ਬੜੇ ਪਿਆਰ ਨਾਲ ਬੱਚਿਆਂ ਨੂੰ ਸੰਭਾਲਦੇ ਹਨ, ਇਸ ਦੀ ਪਾਲਣਾ ਕਰਦੇ ਹਨ। ਇਹ ਵੀ ਸਾਡੇ ਸਮਾਨ ਨਰ ਤੋਂ ਨਰਾਇਣ ਬਣ ਜਾਣਗੇ। ਇੱਥੇ ਤੁਸੀਂ ਆਏ ਹੀ ਹੋ ਇਸ ਲਈ। ਕਿੰਨਾ ਸਮਝਾਉਂਦਾ ਹਾਂ - ਬੱਚੇ, ਬਾਪ ਨੂੰ ਯਾਦ ਕਰੋ, ਦੈਵੀਗੁਣ ਧਾਰਨ ਕਰੋ, ਖਾਣ-ਪਾਨ ਦੀ ਸੰਭਾਲ ਕਰੋ। ਨਹੀਂ ਕਰਦੇ ਹਨ ਤਾਂ ਸਮਝਦਾ ਹਾਂ ਸ਼ਾਇਦ ਅਜੇ ਸਮਾਂ ਪਿਆ ਹੈ। ਕੁਝ ਨਾ ਕੁਝ ਭੁੱਲਾਂ ਹੁੰਦੀਆਂ ਰਹਿੰਦੀਆਂ ਹਨ। ਛੋਟੇ-ਵੱਡੇ ਬੱਚਿਆਂ ਨੂੰ ਪਿਆਰ ਨਾਲ ਸਮਝਾਉਂਦਾ ਹਾਂ- ਬੱਚੇ ਭੁੱਲਾਂ ਨਾਂ ਕਰੋ, ਕਿਸੇ ਨੂੰ ਦੁੱਖ ਨਾਂ ਦੇਵੋ। ਭੁੱਲ ਕਰਦੇ ਹੋ ਮਤਲਬ ਦੁੱਖ ਦਿੰਦੇ ਹੋ। ਬਾਪ ਕਦੇ ਵੀ ਦੁੱਖ ਨਹੀਂ ਦਿੰਦੇ ਹਨ। ਉਹ ਤਾਂ ਡਾਇਰੈਕਸ਼ਨ ਹੀ ਦਿੰਦੇ ਹਨ- ਮਾਮੇਕਮ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋ ਜਾਣਗੇ। ਬਹੁਤ ਮਿੱਠਾ ਬਣ ਜਾਓਗੇ। ਇਵੇਂ ਦਾ ਮਿੱਠਾ ਬਣਨਾ ਹੈ, ਦੈਵੀਗੁਣ ਧਾਰਨ ਕਰਨੇ ਹਨ। ਪਵਿੱਤਰ ਬਣੋ। ਇੱਥੇ ਅਪਵਿੱਤਰ ਦੇ ਆਉਣ ਦਾ ਹੁਕਮ ਨਹੀਂ ਹੈ। ਕਦੇ-ਕਦੇ ਆਉਣ ਦਿੰਦੇ ਹਨ। ਉਹ ਵੀ ਹੁਣ ਹੈ। ਜਦੋਂ ਬਹੁਤ ਵਾਧਾ ਹੋ ਜਾਵੇਗਾ ਤਾਂ ਕਹਿ ਦੇਣਗੇ ਇਹ ਹੈ ਟਾਵਰ ਆਫ ਪਿਉਰਿਟੀ, ਟਾਵਰ ਆਫ ਸਾਈਲੈਂਸ। ਉੱਚੇ ਤੇ ਉੱਚੇ ਹੈ ਨਾ। ਆਪਣੇ ਨੂੰ ਆਤਮਾ ਸਮਝ ਬਾਪ ਦੀ ਯਾਦ ਵਿੱਚ ਰਹਿਣਾ ਹੈ- ਇਹ ਹੈ ਹਾਈਏਸਟ ਪਾਵਰ। ਉੱਥੇ ਬੜੀ ਸਾਈਲੈਂਸ ਰਹਿੰਦੀ ਹੈ। ਅੱਧਾਕਲਪ ਕੋਈ ਝਗੜਾ ਆਦਿ ਨਹੀਂ ਹੁੰਦਾ ਹੈ। ਇੱਥੇ ਕਿੰਨਾ ਝਗੜਾ ਆਦਿ ਹੁੰਦਾ ਹੈ, ਸ਼ਾਂਤੀ ਹੋ ਨਹੀਂ ਸਕਦੀ। ਸ਼ਾਂਤੀ ਦਾ ਧਾਮ ਹੈ ਮੂਲਵਤਨ। ਫਿਰ ਸ਼ਰੀਰ ਧਾਰਨ ਕਰ ਵਿਸ਼ਵ ਵਿੱਚ ਪਾਰਟ ਵਜਾਉਣ ਦੇ ਲਈ ਆਉਂਦੇ ਹਨ ਤਾਂ ਉੱਥੇ ਵੀ ਸ਼ਾਂਤੀ ਰਹਿੰਦੀ ਹੈ। ਆਤਮਾ ਦਾ ਸਵਧਰਮ ਹੀ ਸ਼ਾਂਤੀ ਹੈ। ਅਸ਼ਾਂਤੀ ਕਰਵਾਉਂਦਾ ਹੈ ਰਾਵਣ। ਤੁਸੀਂ ਸ਼ਾਂਤੀ ਦੀ ਸਿੱਖਿਆ ਪਾ ਰਹੇ ਹੋ। ਕੋਈ ਗੁੱਸੇ ਵਿੱਚ ਹੁੰਦਾ ਹੈ ਤਾਂ ਸਭ ਨੂੰ ਅਸ਼ਾਂਤ ਕਰ ਦਿੰਦਾ ਹੈ। ਇਸ ਯੋਗਬੱਲ ਨਾਲ ਤੁਹਾਡੇ ਤੋਂ ਸਾਰਾ ਕਿਚੜਾ ਨਿਕਲ ਜਾਂਦਾ ਹੈ। ਪੜ੍ਹਾਈ ਨਾਲ ਕਿਚੜਾ ਨਹੀਂ ਨਿਕਲਦਾ ਹੈ। ਯਾਦ ਨਾਲ ਸਾਰਾ ਕਿਚੜਾ ਭਸਮ ਹੋ ਜਾਂਦਾ ਹੈ। ਕੱਟ ਨਿਕਲ ਜਾਂਦੀ ਹੈ। ਬਾਪ ਕਹਿੰਦੇ ਹਨ ਕੱਲ ਤੁਹਾਨੂੰ ਸਿੱਖਿਆ ਦਿਤੀ ਸੀ, ਕੀ ਤੁਸੀਂ ਭੁੱਲ ਗਏ ਹੋ? 5 ਹਜ਼ਾਰ ਸਾਲ ਦੀ ਗੱਲ ਹੈ। ਉਹ ਲੱਖਾਂ ਸਾਲ ਕਹਿ ਦਿੰਦੇ ਹਨ।

ਹੁਣ ਤੁਹਾਨੂੰ ਝੂਠ ਅਤੇ ਸੱਚ ਦਾ ਫ਼ਰਕ ਪਤਾ ਲੱਗਿਆ ਹੈ। ਤੁਹਾਨੂੰ ਬਾਪ ਹੀ ਆਕੇ ਦੱਸਦੇ ਹਨ ਝੂਠ ਕੀ ਹੈ, ਸੱਚ ਕੀ ਹੈ? ਗਿਆਨ ਕੀ ਹੈ, ਭਗਤੀ ਕੀ ਹੈ? ਭ੍ਰਿਸ਼ਟਾਚਾਰ ਅਤੇ ਸ੍ਰੇਸ਼ਠਾਚਾਰ ਕਿਸਨੂੰ ਕਿਹਾ ਜਾਂਦਾ ਹੈ? ਭ੍ਰਿਸ਼ਟਾਚਾਰੀ ਵਿਕਾਰ ਨਾਲ ਪੈਦਾ ਹੁੰਦੇ ਹਨ। ਉੱਥੇ ਵਿਕਾਰ ਹੁੰਦਾ ਨਹੀਂ ਹੈ। ਤੁਸੀਂ ਖੁਦ ਕਹਿੰਦੇ ਹੋ - ਦੇਵਤਾ ਸੰਪੂਰਨ ਨਿਰਵਿਕਾਰੀ ਹਨ। ਰਾਵਣ ਰਾਜ ਹੀ ਨਹੀਂ ਹੈ। ਇਹ ਤਾਂ ਸਹਿਜ਼ ਸਮਝਣ ਦੀ ਗੱਲ ਹੈ। ਫਿਰ ਕੀ ਕਰਨਾ ਚਾਹੀਦਾ ਹੈ? ਇੱਕ ਤਾਂ ਬਾਪ ਨੂੰ ਯਾਦ ਕਰਨਾ ਚਾਹੀਦਾ ਹੈ, ਦੂਜਾ ਪਵਿੱਤਰ ਜ਼ਰੂਰ ਬਣਨਾ ਚਾਹੀਦਾ ਹੈ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਪਵਿੱਤਰ ਬਣਨ ਵਿੱਚ ਮਹਾਵੀਰ ਬਣਨਾ ਹੈ, ਯਾਦ ਦੀ ਯਾਤਰਾ ਨਾਲ ਅੰਦਰ ਦਾ ਕਿਚੜਾ ਕੱਢਣਾ ਹੈ। ਆਪਣੇ ਸ਼ਾਂਤ ਸਵਧਰਮ ਵਿੱਚ ਸਥਿਤ ਰਹਿਣਾ ਹੈ, ਅਸ਼ਾਂਤੀ ਨਹੀਂ ਫੈਲਾਨੀ ਹੈ।

2. ਬਾਪ ਜੋ ਰਾਈਟ ਗੱਲਾਂ ਸੁਣਾਉਂਦੇ ਹਨ, ਉਹ ਹੀ ਸੁਣਨੀ ਹੈ। ਹੀਅਰ ਨੋ ਈਵਲ... ਰਾਂਗ(ਗਲਤ) ਗੱਲਾਂ ਨਾਂ ਸੁਣੋ। ਸਾਰਿਆਂ ਨੂੰ ਸੁਜਾਗ ਕਰੋ। ਪੁਰਸ਼ੋਤਮ ਯੁੱਗ ਵਿੱਚ ਪੁਰਸ਼ੋਤਮ ਬਣੋ ਅਤੇ ਬਣਾਵੋ।

ਵਰਦਾਨ:- ਆਤਮਿਕ ਸ਼ਕਤੀ ਦੇ ਆਧਾਰ ਤੇ ਤਨ ਦੀ ਸ਼ਕਤੀ ਦਾ ਅਨੁਭਵ ਕਰਨ ਵਾਲੇ ਸਦਾ ਤੰਦਰੁਸਤ ਭਵ

ਇਸ ਅਲੌਕਿਕ ਜੀਵਨ ਵਿੱਚ ਆਤਮਾ ਅਤੇ ਪ੍ਰਕ੍ਰਿਤੀ ਦੋਵਾਂ ਦੀ ਤੰਦਰੁਸਤੀ ਜਰੂਰੀ ਹੈ। ਜਦੋਂ ਆਤਮਾ ਤੰਦਰੁਸਤ ਹੈ ਤਾਂ ਤਨ ਦਾ ਹਿਸਾਬ - ਕਿਤਾਬ ਅਤੇ ਤਨ ਦਾ ਰੋਗ ਸੂਲੀ ਤੋਂ ਕੰਡਾ ਬਣਨ ਦੇ ਕਾਰਣ, ਸਵ -ਸਥਿਤੀ ਦੇ ਕਾਰਣ ਸਵਸਥ ਅਨੁਭਵ ਕਰਦੇ ਹਨ। ਉਹਨਾਂ ਦੇ ਮੁਖ ਤੇ ਚੇਹਰੇ ਤੇ ਬਿਮਾਰੀ ਦੇ ਕਸ਼ਟ ਦੇ ਚਿੰਨ ਨਹੀਂ ਰਹਿੰਦੇ। ਕਰਮਭੋਗ ਦੇ ਵਰਨਣ ਦੇ ਬਦਲੇ ਕਰਮਭੋਗ ਦੀ ਸ਼ਥਿਤੀ ਦਾ ਵਰਨਣ ਕਰਦੇ ਹਨ। ਉਹ ਪਰਿਵਰਤਨ ਦੀ ਸ਼ਕਤੀ ਨਾਲ ਕਸ਼ਟ ਨੂੰ ਸੰਤੁਸ਼ਟਤਾ ਵਿੱਚ ਪਰਿਵਰਤਨ ਕਰ ਸੰਤੁਸ਼ਟ ਰਹਿੰਦੇ ਅਤੇ ਸੰਤੁਸ਼ਟਤਾ ਦੀ ਲਹਿਰ ਫੈਲਾਉਂਦੇ ਹਨ ।

ਸਲੋਗਨ:- ਦਿਲ ਤੋਂ, ਤਨ ਤੋਂ, ਆਪਸੀ ਪਿਆਰ ਨਾਲ ਸੇਵਾ ਕਰੋ ਤਾਂ ਸਫ਼ਲਤਾ ਨਿਸ਼ਚਿਤ ਮਿਲੇਗੀ।

******